ਪੰਜਾਬ ਸਰਕਾਰ
ਚੌਕਸੀ ਵਿਭਾਗ
(ਬਜਟ ਅਤੇ ਅਮਲਾ ਸ਼ਾਖਾ)

ਵਿਸ਼ਾ:- ਪੈਨਸ਼ਨ/ਤਰੱਕੀ ਆਦਿ ਦੇ ਕੇਸਾਂ ਵਿੱਚ ਚੌਕਸੀ ਵਿਭਾਗ ਦਾ ਸਫਾਈ ਸਰਟੀਫਿਕੇਟ।

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਗ:ਸ:ਪੱ: ਨੰ: 19(31)-80-ਚ(3) ਮਿਤੀ ਅਕਤੂਬਰ, 1980 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਉਪਰੋਕਤ ਹਵਾਲੇ ਅਧੀਨ ਪੱਤਰ ਨਾਲ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਪੰਜਾਬ ਨੂੰ ਲਿਖਿਆ ਗਿਆ ਸੀ ਕਿ ਕਲਾਸ-I, II (ਹੁਣ ਗਰੁੱਪ ਏ ਅਤੇ ਬੀ) ਗਜ਼ਟਿਡ ਅਧਿਕਾਰੀਆਂ ਦੇ ਪੈਨਸ਼ਨ/ਤਰੱਕੀ, ਵਿਦੇਸ਼ ਜਣ ਸਬੰਧੀ ਆਦਿ ਦੇ ਕੇਸਾਂ ਵਿੱਚ ਚੌਕਸੀ ਵਿਭਾਗ ਦਾ ਸਫਾਈ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ।

ਚੌਕਸੀ ਵਿਭਾਗ ਕੋਲ ਪ੍ਰਾਪਤ ਹੋ ਰਹੇ ਪੈਨਸ਼ਨ ਸਫਾਈ ਕੇਸਾਂ ਵਿੱਚ ਇਹ ਵੇਖਣ ਵਿੱਚ ਆਇਆ ਹੈ ਕਿ ਵਿਭਾਗਾਂ ਵੱਲੋਂ ਅਧਿਕਾਰੀਆਂ ਦੇ ਕੇਸ ਰਿਟਾਇਰਮੈਂਟ ਤੋਂ ਕੁਝ ਦਿਨ ਪਹਿਲਾਂ ਜਾਂ ਅਧਿਕਾਰੀ ਦੀ ਰਿਟਾਇਰਮੈਂਟ ਤੋਂ ਬਾਅਦ ਚੌਕਸੀ ਵਿਭਾਗ ਨੂੰ ਭੇਜੇ ਜਾਂਦੇ ਹਨ, ਜਿਸ ਕਾਰਨ ਰਿਟਾਇਰ ਹੋਏ ਅਤੇ ਹੋਣ ਵਾਲੇ ਅਧਿਕਾਰੀਆਂ ਦੇ ਪੈਨਸ਼ਨ ਕੇਸਾਂ ਦਾ ਨਿਪਟਾਰਾ ਸਮੇਂ-ਸਿਰ ਨਹੀਂ ਹੁੰਦਾ ਅਤੇ ਅਧਿਕਾਰੀਆਂ ਨੂੰ ਦਿੱਕਤ ਪੇਸ਼ ਆਉਂਦੀ ਹੈ। ਇਸ ਲਈ ਅਣਚਾਹੀ ਦੇਰੀ ਨੂੰ ਰੋਕਣ ਲਈ ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਚੌਕਸੀ ਵਿਭਾਗ ਤੋਂ ਪੈਨਸ਼ਨ ਸਫਾਈ ਸਰਟੀਫਿਕੇਟ ਦੀ ਮੰਗ ਅਧਿਕਾਰੀ ਦੀ ਰਿਟਾਇਰਮੈਂਟ ਦੀ ਮਿਤੀ ਤੋਂ 1 ਸਾਲ ਪਹਿਲਾਂ ਕੀਤੀ ਜਾਵੇ।

3. ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇ ਪੈਨਸ਼ਨ ਸਫਾਈ ਸਰਟੀਫਿਕੇਟ ਮੰਗਣ ਸਬੰਧੀ ਦਸਤਾਵੇਜ਼ ਇਸ ਮਿੱਥੇ ਸਮੇਂ ਅਨੁਸਾਰ ਵਿਜੀਲੈਂਸ ਵਿਭਾਗ ਨੂੰ ਨਹੀਂ ਭੇਜੇ ਜਾਂਦੇ ਅਤੇ ਰਿਟਾਇਰੀ ਨੂੰ ਲੇਟ ਪੈਨਸ਼ਨ ਮਿਲਣ ਕਰਕੇ ਵਿਆਜ ਆਦਿ ਦੇਣਾ ਪੈਂਦਾ ਹੈ ਤਾਂ ਇਸ ਸਬੰਧੀ ਪ੍ਰਬੰਧਕੀ ਵਿਭਾਗ ਦੀ ਜ਼ਿੰਮੇਵਾਰੀ ਹੋਵੇਗੀ।

ਵਧੀਕ ਸਕੱਤਰ ਚੌਕਸੀ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ: ਨੰ: 10/28/07-3ਬਅ/25386-688 ਮਿਤੀ, ਚੰਡੀਗੜ੍ਹ 26-11-08